ਬਲਾਕ ਪੱਧਰੀ ਸਾਇੰਸ ਸੈਮੀਨਾਰ ਮੁਕਾਬਲੇ ਵਿੱਚ ਲਹਿਰਾ ਬੇਗਾ ਸਕੂਲ ਦੀ ਖੁਸ਼ਪ੍ਰੀਤ ਕੌਰ ਜੇਤੂ

ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਸੁਨੀਲ ਕੁਮਾਰ ਗੁਪਤਾ ਵੱਲੋਂ ਵੰਡੇ ਗਏ ਇਨਾਮ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 17 ਸਤੰਬਰ :

ਜਿਲਾ ਸਿੱਖਿਆ ਅਫਸਰ ਸੈਕੰਡਰੀ ਬਠਿੰਡਾ ਸ਼ਿਵਪਾਲ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਮਪੁਰਾ ਬਲਾਕ ਦੇ ਵਿਦਿਆਰਥੀਆਂ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਸ਼ੇ ਤੇ ਸਾਇੰਸ ਸੈਮੀਨਾਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਮੰਡੀ ਵਿਖੇ ਕਰਵਾਇਆ ਗਿਆ, ਵਧੇਰੇ ਜਾਣਕਾਰੀ ਦਿੰਦੇ ਹੋਏ ਸੋਸ਼ਲ ਮੀਡੀਆ ਇੰਚਾਰਜ ਨਰਿੰਦਰ ਕੁਮਾਰ ਲੈਕਚਰਰ ਨੇ ਦੱਸਿਆ ਕਿ ਮੁਕਾਬਲੇ ਵਿੱਚ ਰਾਮਪੁਰਾ ਬਲਾਕ ਦੇ 17 ਸਕੂਲਾਂ ਦੇ 21 ਵਿਦਿਆਰਥੀਆਂ ਨੇ ਭਾਗ ਲਿਆ ਵਿਦਿਆਰਥੀਆਂ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਸੰਭਾਵਨਾਵਾਂ ਉੱਪਰ ਬਹੁਤ ਜਾਣਕਾਰੀ ਭਰਪੂਰ ਵਿਚਾਰ ਸਾਂਝੇ ਕੀਤੇ। ਮੁਕਾਬਲੇ ਵਿੱਚ ਜੱਜਮੈਂਟ ਦੀ ਡਿਊਟੀ ਭੁਪਿੰਦਰ ਸਿੰਘ ਲੈਕਚਰਾਰ, ਰਜਨੀਸ਼ ਗਰਗ ਸਾਇੰਸ ਮਾਸਟਰ, ਨਰਿੰਦਰ ਕੁਮਾਰ ਸਾਇੰਸ ਮਾਸਟਰ ਨੇ ਨਿਭਾਈ। ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਲਹਿਰਾ ਬੇਗਾ ਦੀ ਖੁਸ਼ਪ੍ਰੀਤ ਕੌਰ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡੀ ਦੀ ਜਸ਼ਨਵੀਰ ਕੌਰ ਨੇ ਦੂਸਰਾ ਸਥਾਨ ਅਤੇ ਸਕੂਲ ਆਫ ਐਮੀਨੈਂਸ ਪੁੱਛੋ ਕਲਾਂ ਦੀ ਹਰਨੂਰ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਰਟੀਫਿਕੇਟ ਅਤੇ ਇਨਾਮ ਵੰਡੇ ਗਏ।ਇਸ ਮੌਕੇ ਸਕੂਲ ਪ੍ਰਿੰਸੀਪਲ ਸੁਨੀਲ ਕੁਮਾਰ ਗੁਪਤਾ ਨੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਸਾਇੰਸ ਵਿਸ਼ੇ ਦੀ ਮਹੱਤਤਾ ਅਤੇ ਆਉਣ ਵਾਲੇ ਸਮੇਂ ਵਿੱਚ ਆਰਟੀਫਿਸ਼ਅਲ ਇੰਟੈਲੀਜੇਂਸ ਦੀ ਲੋੜ ਬਾਰੇ ਜਾਗਰੂਕ ਕੀਤਾ।ਉਹਨਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਅਤੇ ਸਮੁੱਚੇ ਪ੍ਰਬੰਧਾਂ ਲਈ ਪ੍ਰਬੰਧਕ ਟੀਮ ਦਾ ਧੰਨਵਾਦ ਕੀਤਾ।

ਖਟਕੜ ਕਲਾਂ ਵਿਖੇ ਮੇਲੇ ਦੇ ਰੂਪ ਵਿਚ ਮਨਾਇਆ ਜਾਵੇਗਾ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ : ਰਾਜੇਸ਼ ਧੀਮਾਨ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਨਵਾਂਸ਼ਹਿਰ, 17 ਸਤੰਬਰ :

ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ ਨੂੰ ਮੇਲੇ ਦੇ ਰੂਪ ਵਿਚ ਮਨਾਉਣ ਲਈ ਖਟਕੜ ਕਲਾਂ ਵਿਖੇ 28 ਤੋਂ 29 ਸਤੰਬਰ ਤੱਕ 'ਇਨਕਲਾਬ ਫੈਸਟੀਵਲ' ਕਰਵਾਇਆ ਜਾਵੇਗਾ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਇਸ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਕੀਤਾ। ਅੱਜ ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਇਨਕਲਾਬ ਫੈਸਟੀਵਲ ਦੌਰਾਨ ਦੋ ਦਿਨਾਂ ਦਾ ਸ਼ਾਨਦਾਰ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿਚ ਨਾਮਵਰ ਗਾਇਕਾਂ ਅਤੇ ਕਲਾਕਾਰਾਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵੀ ਸੱਭਿਆਚਾਰਕ ਪ੍ਰੋਗਰਾਮ ਰਾਹੀਂ ਰੰਗ ਬੰਨ੍ਹਣਗੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸ਼ਹੀਦ ਭਗਤ ਸਿੰਘ ਨਾਲ ਸਬੰਧਿਤ ਨਾਟਕਾਂ ਦੀ ਪੇਸ਼ਕਾਰੀ ਹੋਵੇਗੀ ਅਤੇ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਵੀ ਲਗਾਏ ਜਾਣਗੇ। ਉਹਨਾਂ ਨੇ ਦੱਸਿਆ ਕਿ ਇਸ ਮੌਕੇ ਖਾਣ-ਪੀਣ ਦੇ ਸਟਾਲ ਅਤੇ ਬੱਚਿਆਂ ਲਈ ਝੂਲੇ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।ਇਸ ਦੌਰਾਨ ਉਨ੍ਹਾਂ ਸੁਰੱਖਿਆ, ਪਾਰਕਿੰਗ, ਬੈਰੀਕੇਡਿੰਗ, ਆਰਜ਼ੀ ਵਾਸ਼ਰੂਮ, ਸਾਫ-ਸਫਾਈ, ਡਾਕਟਰੀ ਸਹਾਇਤਾ, ਸਜਾਵਟ, ਲਾਈਟਨਿੰਗ, ਚੌਕਾਂ ਦੀ ਸਜਾਵਟ, ਪੀਣ ਵਾਲੇ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਰਿਫਰੈਸ਼ਮੈਂਟ ਅਤੇ ਪ੍ਰਚਾਰ-ਪ੍ਰਸਾਰ ਆਦਿ ਸਬੰਧੀ ਲੋੜੀਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ 28 ਸਤੰਬਰ ਨੂੰ ਇਕ ਵਿਸ਼ਾਲ ਸਾਈਕਲ ਰੈਲੀ ਹੋਵੇਗੀ ਜਦਕਿ 29 ਸਤੰਬਰ ਨੂੰ ਮੈਰਾਥਨ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਆਪਣੀਆਂ ਡਿਊਟੀਆਂ ਮਿਹਨਤ, ਤਨਦੇਹੀ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਦੀ ਤਾਕੀਦ ਕੀਤੀ ਤਾਂ ਜੋ ਇਸ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸਾਗਰ ਸੇਤੀਆ, ਐਸ.ਡੀ.ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਐਸ.ਡੀ.ਐਮ ਬੰਗਾ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ ਬਲਾਚੌਰ ਰਵਿੰਦਰ ਬਾਂਸਲ, ਗੁੱਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 134 ਲਾਭਪਾਤਰੀਆਂ ਨੂੰ ਦਿੱਤੇ ਪਹਿਲੀ ਕਿਸਮ ਦੇ ਆਫਰ ਲੈਟਰ

ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 17 ਸਤੰਬਰ :

ਅੱਜ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪਿੰਡ ਜਸਵਾਲੀ ਵਿਖੇ ਸਥਿਤ ਰੇਸਟ ਹਾਊਸ ਵਿਖੇ ਵਿਸੇਸ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਖੁਸਬੀਰ ਕਾਟਲ, ਪਰਵੀਨ ਕੁਮਾਰ ਬਲਾਕ ਪ੍ਰਧਾਨ, ਰਾਜੇਸ ਕੁਮਾਰ ਬਲਾਕ ਪ੍ਰਧਾਨ, ਲਵਲੀ ਬਲਾਕ ਪ੍ਰਧਾਨ, ਹਰਪ੍ਰੀਤ ਸਿੰਘ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਬਮਿਆਲ, ਅਜੈ ਮਹਾਜਨ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਘਰੋਟਾ, ਦਿਲਬਾਗ ਸਿੰਘ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਨਰੋਟ ਜੈਮਲ ਸਿੰਘ, ਮੀਨਾਕਸੀ ਸਰਮਾ ਜਿਲ੍ਹਾ ਕੋਆਰਡੀਨੇਟਰ ਪ੍ਰਧਾਨ ਮੰਤਰੀ ਅਵਾਸ ਯੋਜਨਾ ਗ੍ਰਾਮੀਣ ਅਤੇ ਹੋਰ ਅਧਿਕਾਰੀਆਂ ਤੋਂ ਇਲਾਵਾ ਪਾਰਟੀ ਕਾਰਜ ਕਰਤਾ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਦੇ 134 ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪਹਿਲੀ ਕਿਸਮ ਦੇ ਤੋਰ ਤੇ ਪ੍ਰਤੀ ਲਾਭਪਾਤਰੀ 30 ਹਜਾਰ ਰੁਪਏ ਦੀ ਪਹਿਲੀ ਕਿਸਮ ਜਾਰੀ ਕੀਤੀ ਗਈ ਹੈ। ਇਸ ਦੇ ਨਾਲ ਲਾਭਪਾਤਰੀ ਵੱਲੋਂ ਮਕਾਨ ਬਣਾਉਂਣ ਲਈ ਪਹਿਲਾ ਨੀਂਹ ਦਾ ਨਿਰਮਾਣ, ਇੱਟਾਂ ਨਾਲ ਉਸਾਰੀ ਦਾ ਕੰਮ ਕੀਤਾ ਜਾਵੇਗਾ, ਇਸ ਤੋਂ ਇਲਾਵਾ ਦੂਸਰੀ ਕਿਸਤ 72 ਹਜਾਰ ਰੁਪਏ ਲੈਂਟਰ ਪਾਉਂਣ ਲਈ ਅਤੇ ਫਿਰ ਤੀਸਰੀ ਕਿਸਮ 18 ਹਜਾਰ ਰੁਪਏ ਮਕਾਨ ਦੀ ਤਿਆਰੀ ਦੇ ਲਈ ਦਿੱਤਾ ਜਾਵੇਗਾ। ਇਸ ਤਰ੍ਹਾਂ ਹਰੇਕ ਲਾਭਪਾਤਰੀ ਨੂੰ ਇੱਕ ਲੱਖ ਵੀਹ ਹਜਾਰ ਰੁਪਏ ਮਕਾਨ ਦੀ ਉਸਾਰੀ ਲਈ ਦਿੱਤੇ ਜਾਣਗੇ। ਇਸ ਤੋਂ ਇਲਾਵਾ ਪ੍ਰਤੀ ਲਾਭਪਾਤਰੀ ਘਰ ਦੇ ਨਿਰਮਾਣ ਲਈ ਨਰੇਗਾ ਅਧੀਨ 27 ਹਜਾਰ ਰੁਪਏ ਦੀ ਗ੍ਰਾਂਟ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਵੀ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਲੋਕ ਸਿਆਸੀ ਕਾਰਨਾ ਕਰਕੇ ਲਾਭਪਾਤਰੀਆਂ ਦਾ ਡਾਟਾ ਆਨਲਾਈਨ ਨਹੀਂ ਕਰਦੇ ਅਤੇ ਲੋਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਨਹੀਂ ਲੈ ਪਾਉਂਦੇ । ਉਨ੍ਹਾਂ ਕਿਹਾ ਕਿ ਅੱਜ ਇਹ ਫੈਸਲਾ ਲਿਆ ਗਿਆ ਹੈ ਕਿ ਆਉਂਣ ਵਾਲੇ ਦਿਨ੍ਹਾਂ ਵਿੱਚ ਜੋ ਲਾਭਪਾਤਰੀ ਆਨ ਲਾਈਨ ਹੋਣ ਤੋਂ ਰਹਿ ਗਏ ਹਨ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ, ਬਿਨ੍ਹਾਂ ਕਿਸੇ ਗੁੱਟਬੰਦੀ ਦੇ ਆਨ ਲਾਈਨ ਕੀਤਾ ਜਾਵੇਗਾ ਤਾਂ ਜੋ ਉਹ ਵੀ ਸਰਕਾਰ ਵੱਲੋਂ ਚਲਾਈ ਜਾ ਰਹੀ ਯੋਜਨਾ ਦਾ ਲਾਭ ਲੈ ਸਕਣ।

ICICI Home Finance

ਕਾਰਪੋਰੇਟ ਅਫਿਸ : ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ-400059, ਇੰਡੀਆ

ਬਰਾਂਚ ਆਫਿਸ: ਦੂਜੀ ਮੰਜਿਲ, ਐਸਐਫ-3 ਅਤੇ 4, ਸਾਹਮਣੇ ਵੋਡਾਫੋਨ ਆਫਿਸ, ਸੈਂਟਰਲ ਮਾਲ 32, ਮਾਲ ਰੋਡ, ਅੰਮ੍ਰਿਤਸਰ (ਪੰਜਾਬ)-143001

ਨਿੱਜੀ ਸੰਧੀ ਰਾਹੀਂ ਅਚੱਲ ਜਾਇਦਾਦ ਦੀ ਵਿਕਰੀ ਲਈ ਨੋਟਿਸ

ਸਕਿਊਰਿਟਾਈਜੇਸਨ ਐਂਡ ਰਿਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰਸਟ ਐਕਟ 2002 ਨਾਲ ਪੜ੍ਹੇ ਜਾਂਦੇ ਰੂਲ 8(8) ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ 2002 ਦੇ ਰੂਲ 9(1) ਅਧੀਨ ਨਿੱਜੀ ਸੰਧੀ ਰਾਹੀਂ ਅਚੱਲ ਸੰਪਤੀਆਂ ਦੀ ਵਿਕਰੀ ਦਾ ਸੇਲ ਨੋਟਿਸ।

ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. (ਆਈਸੀਆਈਸੀਆਈ ਐਚਐਫਸੀ) ਨੇ ਹੇਠਾਂ ਦਿੱਤੀਆਂ ਗਿਰਵੀ ਰੱਖੀ ਜਾਇਦਾਦਾਂ ਦੀ ਕਈਂ ਵਾਰ ਵਿਕਰੀ ਲਈ ਕਈ ਵਾਰੀ ਨਿਲਾਮੀ ਬੋਲੀ ਰੱਖੀ ਸੀ, ਹਾਲਾਂਕਿ, ਇਹ ਸਾਰੀਆਂ ਬੋਲੀਆਂ ਅਸਫਲ ਰਹੀਆਂ ਸਨ। ਹੁਣ, ਇੱਕ ਇੱਛੁਕ ਖਰੀਦਾਰ ਨੇ ਆਈਸੀਆਈਸੀਆਈ ਐਚਐਫਸੀ ਕੋਲ ਉਕਤ ਜਾਇਦਾਦ ਨੂੰ **ਰੁ. 7,00,000/-** ਦੀ ਰਕਮ ਵਿੱਚ ਖਰੀਦਣ ਦੀ ਪੇਸ਼ਕਸ਼ ਦੇ ਨਾਲ ਸੰਪਰਕ ਕੀਤਾ ਹੈ। ਹੁਣ ਆਮ ਜਨਤਾ ਨੂੰ ਆਮ ਤੌਰ 'ਤੇ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਦਾ ਚਾਰਜ ਸਕਿਊਰਡ ਕ੍ਰੇਡੀਟਰ ਕੋਲ ਹੈ, ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਦੇ ਅਧਿਕਾਰਤ ਅਫਸਰ ਦੁਆਰਾ ਜਿਸਦਾ ਕਬਜਾ ਲੈ ਲਿਆ ਗਿਆ ਸੀ, ਨੂੰ ਹੁਣ ਹੇਠਾਂ ਦਿੱਤੇ ਗਏ ਸੰਖੇਪ ਵੇਰਵਿਆਂ ਦੇ ਅਨੁਸਾਰ ਨਿੱਜੀ ਸੰਧੀ ਦੁਆਰਾ, 'ਜਿਵੇਂ ਹੈ ਜਿੱਥੇ ਹੈ', ਜਿਵੇਂ ਹੈ, ਅਤੇ "ਜੋ ਵੀ ਹੈ" 'ਤੇ ਵੇਚਿਆ ਜਾਵੇਗਾ।

ਲੜੀ ਨੰ.	ਕਰਜ਼ਦਾਰ (ਾਂ)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ਲੋਨ ਖਾਤਾ ਨੰਬਰ	ਸੁਰੱਖਿਅਤ ਸੰਪੱਤੀ ਦੇ ਵੇਰਵੇ, ਭਾਰ ਜੇਕਰ ਕੋਈ ਹੋਵੇ ਤਾਂ	ਬਕਾਇਆ ਰਕਮ (ਰੁਪਏ 'ਚ)	ਰਾਖਵੀਂ ਕੀਮਤ ਤੇ ਬਿਆਨਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਤੇ ਸਮਾਂ	ਨਿਲਾਮੀ ਦੀ ਮਿਤੀ ਤੇ ਸਮਾਂ	ਨਿਲਾਮੀ ਦੀ ਮਿਤੀ ਤੇ ਸਮਾਂ	ਸਰਫੇਸੀ ਸਟੇਜ
(ੳ)	(ਅ)	(ਈ)	(ਸ)	(ਹ)	(ਕ)	(ਖ)	(ਗ)	(ਘ)
1	ਕੁਲਦੀਪ ਸਿੰਘ (ਕਰਜ਼ਦਾਰ), ਸੋਨੀਆ (ਸਹਿ ਕਰਜ਼ਦਾਰ), ਗੁਰਪ੍ਰੀਤ ਸਿੰਘ (ਗਰੰਟਰ) ਲੋਨ ਅਕਾਊਂਟ ਨੰ. LHAMT00001322511	ਐਚ ਨੰ.152, ਖਸਰਾ ਨੰ. 5//7 ਮਿਨ, ਅਬਾਦੀ ਨਿਊ ਪਾਲ ਐਵਿਨਿਊ, ਨਿਊ ਪਾਲ ਐਵਿਨਿਊ, ਤਹਿਸੀਲ-ਅੰਮ੍ਰਿਤਸਰ, ਜਿਲ੍ਹਾ ਅੰਮ੍ਰਿਤਸਰ-143001	ਰੁ.27,15,707.46/- 09 ਸਤੰਬਰ 2024	ਰੁ 7,00,000/- ਰੁ 70,000/-	24 ਸਤੰਬਰ 2024 ਤੋਂ ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 03:00 ਵਜੇ ਤੱਕ	04 ਅਕਤੂਬਰ 2024 ਨੂੰ ਦੁ. ਬਾਅਦ 02:00 ਵਜੇ ਤੋਂ ਸ਼ਾਮ 03:00 ਵਜੇ ਤੱਕ	03 ਅਕਤੂਬਰ 2024 ਨੂੰ ਦੁਪਹਿਰ ਬਾਅਦ 04:00 ਵਜੇ ਤੋਂ ਪਹਿਲਾਂ	ਭੌਤਿਕ ਕਬਜਾ

ਔਨਲਾਈਨ ਨਿਲਾਮੀ ਸਾਡੀ ਨਿਲਾਮੀ ਏਜੰਸੀ ਸ਼੍ਰੀਰਾਮ ਆਟੋਮਾਲ ਇੰਡੀਆ ਲਿਮਟਿਡ ਦੀ ਵੈੱਬਸਾਈਟ **(URL Link-eauctions.samil.in)** 'ਤੇ ਕਰਵਾਈ ਜਾਵੇਗੀ। ਸੰਭਾਵੀ ਬੋਲੀਕਾਰ ਬਿਆਨਾ ਰਕਮ ਜਮ੍ਹਾ (ਈਐਮਡੀ) ਆਰਟੀਜੀਐਸ/ ਡਿਮਾਂਡ ਡਰਾਫਟ (ਡੀਡੀ) (ਰੇਫਰ ਕਾਲਮ ਹ) **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.**, ਉਪਰ ਲਿਖੇ ਦਫਤਰ ਦੇ ਪਤੇ ਵਿਖੇ **03 ਅਕਤੂਬਰ 2024 ਨੂੰ ਸ਼ਾਮ 4 ਵਜੇ** ਤੋਂ ਪਹਿਲਾਂ ਜਮਾਂ ਕਰਵਾਉਣਾ ਹੋਵੇਗਾ। ਸੰਭਾਵੀ ਬੋਲੀਕਾਰਾਂ ਨੂੰ ਸਾਈਨ ਕੀਤਾ ਹੋਇਆ ਰਜਿਸ਼ਟ੍ਰੇਸ਼ਨ ਫਾਰਮ ਅਤੇ ਬੋਲੀ ਦੀਆਂ ਨਿਯਮ ਅਤੇ ਸ਼ਰਤਾਂ ਫਾਰਮ ਵੀ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਉਪਰ ਲਿਖੇ ਦਫਤਰ ਦੇ ਪਤੇ** ਕੋਲ **03 ਅਕਤੂਬਰ 2024 ਨੂੰ ਸ਼ਾਮ 05:00 ਵਜੇ** ਤੋਂ ਪਹਿਲਾਂ ਜਮਾਂ ਕਰਵਾਉਣਾ ਹੋਵੇਗਾ। ਬਿਆਨਾ ਰਕਮ ਜਮਾਂ ਡਿਮਾਂਡ ਡਰਾਫਟ (ਡੀਡੀ) ਕਿਸੇ ਵੀ ਰਾਸ਼ਟਰੀਕ੍ਰਿਤ/ ਅਨੁਸੂਚਿਤ ਬੈਂਕ ਤੋਂ **"ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.-ਨਿਲਾਮੀ"** ਦੇ ਪੱਖ ਵਿੱਚ **ਅੰਮ੍ਰਿਤਸਰ** ਵਿਖੇ ਭੁਗਤਾਨ ਯੋਗ ਹੋਣਾ ਚਾਹੀਦਾ ਹੈ। ਆਮ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਪਰੋਕਤ ਜ਼ਿਕਰ ਕੀਤੇ ਦਿਲਚਸਪੀ ਵਾਲੇ ਖਰੀਦਦਾਰ ਦੁਆਰਾ ਪੇਸ਼ ਕੀਤੀ ਜਾ ਰਹੀ ਰਕਮ ਤੋਂ ਵੱਧ ਆਪਣੀ ਬੋਲੀ ਜਮ੍ਹਾਂ ਕਰਾਉਣ। ਇੱਥੇ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਈਸੀਆਈਸੀਆਈ ਐਚਐਫਸੀ ਨੂੰ ਉਪਰੋਕਤ ਦਿਲਚਸਪੀ ਰੱਖਣ ਵਾਲੇ ਖਰੀਦਦਾਰ ਦੁਆਰਾ ਪੇਸ਼ ਕੀਤੀ ਜਾ ਰਹੀ ਰਕਮ ਤੋਂ ਵੱਧ ਕੋਈ ਬੋਲੀ ਪ੍ਰਾਪਤ ਨਹੀਂ ਹੁੰਦੀ ਹੈ, ਤਾਂ ਗਿਰਵੀ ਰੱਖੀ ਜਾਇਦਾਦ ਨੂੰ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ, 2002 ਦੇ ਰੂਲ 9(1) ਨਾਲ ਪੜ੍ਹੇ ਜਾਂਦੇ ਰੂਲ 8(8) ਰਾਹੀਂ ਦਿਲਚਸਪ ਖਰੀਦਦਾਰ ਨੂੰ ਵੇਚ ਦਿੱਤੀ ਜਾਵੇਗੀ।

ਵਿਕਰੀ ਦੇ ਨਿਰੀਖਣ, ਨਿਯਮਾਂ ਅਤੇ ਸ਼ਰਤਾਂ ਜਾਂ ਬੋਲੀ ਜਮ੍ਹਾਂ ਕਰਾਉਣ ਦੇ ਸਬੰਧ ਵਿੱਚ ਕਿਸੇ ਵੀ ਹੋਰ ਸਪੱਸ਼ਟੀਕਰਨ ਲਈ, ਕਿਰਪਾ ਕਰਕੇ **9920807300** 'ਤੇ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮਟਿਡ** ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਅਧਿਕਾਰਤ ਅਫਸਰ ਬਿਨਾਂ ਕੋਈ ਹੋਰ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਬੋਲੀ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ **https://www.icicihfc.com/** ਵੈਬਸਾਈਟ ਵੇਖੋ।

ਮਿਤੀ : 18 ਸਤੰਬਰ 2024,
ਸਥਾਨ : ਅੰਮ੍ਰਿਤਸਰ

ਅਧਿਕਾਰਤ ਅਫਸਰ, "ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮਟਿਡ
ਸੀਆਈਐਨ ਨੰਬਰ ਯੂ65922ਐਮਐਚ1999ਪੀਐਲਸੀ120106

ਮ੍ਰਿਤਕ ਮਜ਼ਦੂਰਾਂ ਦੇ ਵਾਰਸਾਂ ਨੂੰ 50-50 ਲੱਖ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਵੇ ਸਰਕਾਰ : ਕਾਮਰੇਡ ਗੋਰਾ, ਪ੍ਰਕਾਸ਼ ਬਰਮੀ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,17 ਸਤੰਬਰ :

ਨੇੜਲੇ ਪਿੰਡ ਬਿਸ਼ਨਪੁਰਾ ਵਿਖੇ 4 ਮਨਰੇਗਾ ਮਜ਼ਦੂਰਾਂ ਨੂੰ ਉਸ ਸਮੇਂ ਤੇਜ ਰਫ਼ਤਾਰ ਟਰੱਕ ਨੇ ਦਰੜ ਕੇ ਮਾਰ ਦਿੱਤਾ ਜਦੋਂ ਉਹ ਸੜਕ ਕਿਨਾਰੇ ਕੰਮ ਕਰ ਰਹੇ ਸਨ ਹਾਦਸਾ ਐਨਾ ਭਿਆਨਕ ਸੀ ਕਿ 4 ਮਨਰੇਗਾ ਮਜ਼ਦੂਰਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਸੈਂਟਰ ਆਫ਼ ਇੰਡੀਆ ਟਰੇਡ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਦਲਜੀਤ ਕੁਮਾਰ ਗੋਰਾ ਅਤੇ ਮਨਰੇਗਾ ਮਜਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਬਰਮੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਮਾਰੇ ਗਏ ਮਜ਼ਦੂਰਾ ਦੇ ਪਰਿਵਾਰਾਂ ਨੂੰ 50-50 ਲੱਖ ਮੁਆਵਜ਼ਾ ਦਿੱਤਾ ਜਾਵੇ ਅਤੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ । ਉਨਾਂ ਇਹ ਵੀ ਮੰਗ ਕੀਤੀ ਗਈ ਕਿ ਦੋਸ਼ੀ ਟਰੱਕ ਡਰਾਈਵਰ ਤੇ ਕਤਲ ਦਾ ਮੁਕੱਦਮਾ ਦਰਜ਼ ਕੀਤਾ ਜਾਵੇ । ਇਸ ਮੌਕੇ ਰੁਲਦਾ ਸਿੰਘ ਗੋਬਿੰਦਗੜ, ਪ੍ਰਿਤਪਾਲ ਸਿੰਘ ਬਿੱਟਾ ,ਕਰਮ ਚੰਦ , ਰਾਜ ਜਸਵੰਤ ਸਿੰਘ ਜੋਗਾ ,ਸਨੀ, ਗੁਰਦੀਪ ਸਿੰਘ ਬੁਰਜ ਹਕੀਮਾਂ ਆਦਿ ਨੇ ਇਸ ਦੁਰਘਟਨਾ ਵਿੱਚ ਮਾਰੇ ਗਏ ਮਜ਼ਦੂਰਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਖਿਲਾਫ਼ ਕੀਤੀ ਜਾਵੇਗੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ : ਡਿਪਟੀ ਕਮਿਸ਼ਨਰ

ਆਜ਼ਾਦ ਸੋਚ, ਵਿਸ਼ਾਲ ਕਟਾਰੀਆ, ਤਰਨ ਤਾਰਨ, 17 ਸਤੰਬਰ :

ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਕੁਮਾਰ ਆਈ. ਏ. ਐੱਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲੇ ਵਿੱਚ ਪਰਾਲੀ ਨੂੰ ਸਾੜਨ ਦੇ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਇਹਨਾਂ ਮਾਮਲਿਆਂ ਨਾਲ ਸਖਤੀ ਨਾਲ ਨਿਪਟਣ ਲਈ ਮਾਣਯੋਗ ਸੁਪਰੀਮ ਕੋਰਟ ਅਤੇ ਮੁੱਖ ਸੱਕਤਰ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਤੀ 16 ਸਤੰਬਰ, 2024 ਨੂੰ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨ ਖਿਲਾਫ਼ ਜ਼ਿਲੇ ਵਿੱਚ ਪਹਿਲੀ ਐਫ.ਆਈ.ਆਰ ਦਰਜ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਕਿਸਾਨ ਨਵਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਚੱਕ ਕਰੇ ਖਾਨ ਬਲਾਕ ਖਡੂਰ ਸਾਹਿਬ ਨੇ ਮਿਤੀ 15 ਸਤੰਬਰ, 2024 ਨੂੰ ਪਰਾਲੀ ਨੂੰ ਅੱਗ ਲਗਾਈ ਸੀ। ਜਿਸਦੀ ਲੋਕੇਸ਼ਨ ਪੀ. ਆਰ. ਐੱਸ. ਸੀ. ਨੰਬਰ-11 ਲੈਟੀਚਿਊਡ 31.4817 ਲੌਂਗੀਚਿਊਡ 75.13695 ਸੀ। ਜਿਸ ਤਹਿਤ ਪੁਲਿਸ ਚੌਂਕੀ ਵੈਰੋਵਾਲ ਵਿਖੇ ਐੱਫ.ਆਈ. ਆਰ ਦਰਜ ਕੀਤੀ ਗਈ ਹੈ। ਉਹਨਾਂ ਕਿਹਾ ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਖਿਲਾਫ਼ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਹਨਾਂ ਜ਼ਿਲੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਪਰਾਲੀ ਪ੍ਰਬੰਧਨ ਮਸ਼ੀਨਾਂ ਨਾਲ ਪਰਾਲੀ ਨੂੰ ਜ਼ਮੀਨ ਵਿੱਚ ਹੀ ਜਜ਼ਬ ਕੀਤਾ ਜਾਵੇ ਤਾਂ ਜੋ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਦੇ ਨਾਲ-ਨਾਲ ਆਪਣੀ ਆਬੋ ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

ਨੈਸ਼ਨਲ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 17 ਸਤੰਬਰ :

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ.ਕਾਮ ਭਾਗ ਪਹਿਲਾ ਸਮੈਸਟਰ ਪਹਿਲਾ ਦਾ ਨਤੀਜਾ 100 ਫੀਸਦੀ ਰਿਹਾ ਹੈ। ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਿਆ ਨੇ 80 ਫ਼ੀਸਦੀ ਅੰਕਾਂ ਨਾਲ ਪਹਿਲਾ, ਪ੍ਰਿੰਸ ਜਿੰਦਲ ਨੇ 75 ਫ਼ੀਸਦੀ ਅੰਕਾਂ ਨਾਲ ਦੂਜਾ ਅਤੇ ਸੀਮਾ ਰਾਣੀ ਨੇ 73 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਉਹਨਾਂ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਮੋਹਰੀ ਕਾਲਜਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਚੰਗੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਕਮੇਟੀ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਕਲਾਸ ਇੰਚਾਰਜ ਪ੍ਰੋ. ਨੈਨਾ ਗੋਇਲ, ਪ੍ਰੋ. ਨੀਤੂ, ਪ੍ਰੋ.ਸੁਖਪਾਲ ਕੌਰ,ਪ੍ਰੋ. ਸੰਟੀ ਕੁਮਾਰ , ਪ੍ਰੋ.ਜਸਪ੍ਰੀਤ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸੀ ।

ਐੱਨ.ਐੱਸ.ਐੱਸ. ਵਲੰਟੀਅਰਾਂ ਨੇ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮਨਾਇਆ

ਆਜ਼ਾਦ ਸੋਚ, ਸੁਰਿੰਦਰ ਗਰਗ, ਧੂਰੀ, 17 ਸਤੰਬਰ :

ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਐੱਨ.ਐੱਸ.ਐੱਸ. ਯੂਨਿਟਾਂ ਵੱਲੋਂ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਵਕਤਾ ਡਾ. ਊਸ਼ਾ ਜੈਨ ਨੇ ਵਿਦਿਆਰਥੀਆਂ ਨੂੰ ਸਬਰ ਤੇ ਸ਼ਾਂਤੀ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਦਿਨੋ-ਦਿਨ ਮਨੁੱਖੀ ਸੁਭਾਅ ਵਿੱਚ ਵੱਧਦੀ ਹਿੰਸਾ ਦੇ ਮੱਦੇਨਜ਼ਰ ਸਮਝਦਾਰੀ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਹਮੇਸ਼ਾਂ ਸ਼ਾਂਤ ਰਹਿਣ ਲਈ ਪ੍ਰੇਰਿਤ ਕੀਤਾ।ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਧੀਰਜ ਅਤੇ ਸਹਿਣਸ਼ੀਲਤਾ ਦੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾਉਣ ਦੀ ਸਲਾਹ ਦਿੱਤੀ ਅਤੇ ਡਾ. ਰਾਕੇਸ਼ ਕੁਮਾਰ ਨੇ ਕਿਹਾ ਸਮੂਹ ਸਮਾਜ ਦਾ ਹਰ ਪੱਖੋਂ ਵਿਕਾਸ ਕਰਨ ਲਈ ਸ਼ਾਂਤੀ ਦਾ ਹੋਣਾ ਬਹੁਤ ਜਰੂਰੀ ਹੈ। ਕਾਲਜ ਐੱਨ.ਐੱਸ.ਐੱਸ. ਰੈਗੂਲਰ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਸ਼ਾਂਤੀ ਦੇ ਸੁਨੇਹੇ ਨੂੰ ਫੈਲਾਉਣ ਲਈ ਸਮੂਹ ਵਲੰਟੀਅਰਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਐੱਨ.ਐੱਸ.ਐੱਸ. ਵਲੰਟੀਅਰਾਂ ਤੋਂ ਇਲਾਵਾ ਕਾਲਜ ਵਿਦਿਆਰਥੀ ਤੇ ਸਟਾਫ਼ ਹਾਜ਼ਰ ਸੀ।

ਜਨਤਕ ਨੋਟਿਸ

ਇੱਥੇ ਇੱਕ ਜਨਤਕ ਨੋਟਿਸ ਦਿੱਤਾ ਜਾਂਦਾ ਹੈ ਕਿ ਸ. ਰਿਸ਼ੀ ਬਾਂਸਲ ਪੁੱਤਰ ਸ. ਨਰੇਸ਼ ਕੁਮਾਰ ਵਾਸੀ ਪਿੰਡ ਫਤਿਹਪੁਰ, ਤਹਿਸੀਲ ਸਮਾਣਾ ਨੇ ਆਪਣੀ 1K-11M ਮਾਪ ਦੀ ਜਾਇਦਾਦ ਫਤਿਹਪੁਰ, ਤਹਿਸੀਲ ਸਮਾਣਾ ਵਿਖੇ ਐਕਸਿਸ ਬੈਂਕ ਲਿਮਟਿਡ ਬ੍ਰਾਂਚ ਸਮਾਣਾ ਦੇ ਹੱਕ ਵਿੱਚ ਗਿਰਵੀ ਰੱਖ ਦਿੱਤੀ ਹੈ ਅਤੇ ਐਮ/ਨੂੰ ਦਿੱਤੀ ਗਈ ਐਡਵਾਂਸ ਰਕਮ ਦੀ ਮੁੜ ਅਦਾਇਗੀ ਲਈ ਸੁਰੱਖਿਆ ਦੇ ਬਦਲੇ ਵਿੱਚ M/S ਸਟਾਰ ਫੂਡ ਬੇਵਰੇਜਸ ਅਤੇ ਬੈਂਕ ਕੋਲ ਆਪਣਾ ਅਸਲ ਟਾਈਟਲ ਡੀਡ ਜਮ੍ਹਾ ਕਰ ਦਿੱਤਾ ਹੈ ਜਿਸ ਦੀ ਸੰਖਿਆ ਨੰਬਰ ਹੈ। 1964 ਮਿਤੀ 10.11.2017 ਨੂੰ ਬਰਾਬਰੀ ਮੌਰਗੇਜ ਦੇ ਉਦੇਸ਼ ਲਈ।ਅਸਲ ਪਿਛਲਾ ਟਾਈਟਲ ਡੀਡ ਨੰ. 2700 ਮਿਤੀ 03.02.2009 ਨੂੰ ਗੋਪਾਲ ਕ੍ਰਿਸ਼ਨ ਪੁੱਤਰ ਰਾਮੇਸ਼ਵਰ ਦਾਸ ਦੇ ਨਾਂਅ ਵਾਲੀ ਜਾਇਦਾਦ ਰਿਸ਼ੀ ਬਾਂਸਲ ਦੇ ਕਬਜੇ ਵਿਚੋਂ ਗਾਇਬ ਹੈ ਅਤੇ ਇਸ ਸਬੰਧ ਵਿੱਚ ਡੀ.ਡੀ. ਆਰ ਵੀ ਦਰਜ ਕਰਵਾਈ ਗਈ ਹੈ। 514100/2024 ਮਿਤੀ 10.09.2024 ਜੇਕਰ ਕਿਸੇ ਵਿਅਕਤੀ ਨੂੰ ਉਕਤ ਵਿਅਕਤੀ ਦੁਆਰਾ ਬੈਂਕ ਦੇ ਹੱਕ ਵਿੱਚ ਉਕਤ ਜਾਇਦਾਦ ਨੂੰ ਗਿਰਵੀ ਰੱਖਣ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਆਪਣੇ ਇਤਰਾਜ ਜਾਂ ਦਾਅਵਾ ਦਾਇਰ ਕਰ ਸਕਦਾ ਹੈ। ਮਿਤੀ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਆਪਣਾ ਇਤਰਾਜ ਦਰਜ ਕਰਵਾ ਸਕਦਾ ਹੈ। ਇਸ ਨੋਟਿਸ ਦਾ ਪ੍ਰਕਾਸ਼ਨ, ਬੈਂਕ ਦੇ ਦਫਤਰ ਅਰਥਾਤ ਐਕਸਿਸ ਬੈਂਕ, ਬ੍ਰਾਂਚ ਸਮਾਣਾ ਨੂੰ ਕਿਸੇ ਵੀ ਕੰਮਕਾਜੀ ਦਿਨਾਂ 'ਤੇ ਪ੍ਰਕਾਸ਼ਿਤ ਕਰੋ, ਜਿਸ ਤੋਂ ਬਾਅਦ ਕੁਝ ਵੀ ਨਹੀਂ ਮੰਨਿਆ ਜਾਵੇਗਾ।

ਵੱਲੋਂ
ਮੈਨੇਜਰ ਐਕਸਿਸ ਬੈਂਕ,
ਬ੍ਰਾਂਚ ਸਮਾਣਾ

Court Notice

(U/o 5 Rule 20 CPC)

In the Court of Sh. Aashish Abrol Additional Principal Judge Family Court, Bathinda Camp at Talwandi Sabo
Next Date , Purpose of case, Orders and Judgments as well as other case information is available on http://ecourts.gov.in
CNRNo: PBBT01-008341-2024
Next Date : 14-11-2024
Chananjeet Kaur
Versus
General Public
Publication Issued To: General Public
:-
General Public

In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on **14-11-2024 at 10:00 a.m.** **For details logon to https://highcourtchd.gov.in/?trs=district_notice&district=Bathinda**

Dated , This day of : **13-09-2024**

Sd/-
Additional Principal Judge Family Court Bathinda camp at Talwandi Sabo

ਦੋਹਲਾ ਅਤੇ ਧੂਰਾ ਫਾਟਕਾਂ 'ਤੇ ਰੇਲਵੇ ਓਵਰ ਬਰਿੱਜ ਬਣਾਉਣ ਦੀ ਮੰਗ

ਆਜ਼ਾਦ ਸੋਚ, ਵਰਮਾ, ਧੂਰੀ, 17 ਸਤੰਬਰ :

ਭਾਰਤੀ ਕਿਸਨ ਯੂਨੀਅਨ ਰਾਜੇਵਾਲ ਦੀ ਅੱਜ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ ਅਤੇ ਸ਼ੇਰਪੁਰ ਬਲਾਕ ਦੇ ਸੀ. ਮੀਤ ਪ੍ਰਧਾਨ ਜਗਤੇਜ ਸਿੰਘ ਬਮਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਧੂਰੀ ਵਿਖੇ ਮੁੱਖ ਮੰਡੀ ਹੋਣ ਕਾਰਨ ਦੋਹਲਾ ਅਤੇ ਧੂਰਾ ਫਾਟਕਾਂ ਤੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆ ਬਾਰੇ ਵਿਚਾਰ ਕਰਦਿਆਂ ਦੋਵਾਂ ਫ਼ਾਟਕਾਂ ਤੇ ਓਵਰ ਬਰਿੱਜ ਬਣਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਡੀਏਪੀ ਖਾਦ ਦੀ ਕਿੱਲਤ ਨੂੰ ਦੂਰ ਕਰਨ ਦੀ ਮੰਗ ਕਰਦਿਆਂ ਅਗਾਊ ਪ੍ਰਬੰਧ ਕਰਨ ਦੀ ਮੰਗਕੀਤੀ ਗਈ।ਬੁਲਾਰਿਆਂ ਨੇ ਮੰਗ ਕੀਤੀ ਕਿ ਝੋਨੇ ਦੀ ਫ਼ਸਲ ਲਗਭਗ ਕੁੱਝ ਅਗੇਤੀ ਵਰਾਇਟੀਆਂ ਪੱਕ ਕੇ ਤਿਆਰ ਹੋਣ ਵਾਲੀਆਂ ਪੰਜਾਬ ਸਰਕਾਰ ਇਹਨਾਂ ਦੀ ਖਰੀਦ ਦਾ ਪ੍ਰਬੰਧ ਕਰੇ। ਜੇਕਰ ਕਿਸਾਨਾਂ ਨੂੰ ਕੋਈ ਮੁਸ਼ਕਲ ਆਈ ਤਾਂ ਕਿਸਾਨ ਸੜਕਾਂ ਤੇ ਉਤਰਣ ਲਈ ਮਜਬੂਰ ਹ ਹੋਣਗੇ। ਝੋਨੇ ਦੇ ਖਰੀਦ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਬਾਥਰੂਮ, ਪਾਣੀ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ।

ਇਸ ਮੌਕੇ ਬਲਵਿੰਦਰ ਸਿੰਘ ਸਰਪ੍ਰਸਤ, ਗੁਰਜੀਤ ਸਿੰਘ ਭੜੀ ਮਾਨਸਾ, ਸੁਖਪਾਲ ਸਿੰਘ ਮੀਤ ਪ੍ਰਧਾਨ, ਜਸਵੀਰ ਸਿੰਘ ਕਾਂਝਲਾ, ਛੋਟਾ ਸਿੰਘ ਕਾਂਝਲਾ, ਦੀਦਾਰ ਸਿੰਘ ਬਰੜ੍ਹਵਾਲ, ਗੁਰਬਚਨ ਸਿੰਘ ਹਰਚੰਦਪੁਰ, ਜਗਤੇਜ ਸਿੰਘ ਬਮਾਲ, ਰਾਜ ਸਿੰਘ ਮੂਲੋਵਾਲ, ਮਲਕੀਤ ਸਿੰਘ ਕੰਧਾਰਗੜ੍ਹ, ਮਲਕੀਤ ਸਿੰਘ ਪ੍ਰੈੱਸ ਸਕੱਤਰ, ਨਿਰਭੈ ਸਿੰਘ ਭੱਟੀਆਂ, ਅਵਤਾਰ ਸਿੰਘ, ਗੁਰਨਾਮ ਸਿੰਘ ਜੱਖਲਾਂ ਆਦਿ ਵੀ ਹਾਜਰ ਸਨ।

ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਸਕੂਲੀ ਬੱਚਿਆਂ ਨੇ ਰੈਲੀ ਕੱਢੀ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 17 ਸਤੰਬਰ :

SWACHHATA HI SEVA 2024
SWABHAV SWACHHATA
SANSKAAR SWACHHATA
N.C. RAMPURA PHUL (BTI.)

ਨਗਰ ਕੌਂਸਲ ਰਾਮਪੁਰਾ ਫੂਲ ਵੱਲੋਂ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਵੱਛਤਾ ਹੀ ਸੇਵਾ ਤਹਿਤ ਵੱਖ ਵੱਖ ਸਕੂਲਾਂ ਵਿੱਚ ਬੱਚਿਆਂ, ਅਧਿਆਪਿਕਾਂ ਅਤੇ ਹੋਰ ਸਟਾਫ ਨੂੰ ਨਾਲ ਲੈ ਕੇ ਸਵੱਛਤਾ ਰੈਲੀ ਕਢਵਾਈ ਗਈ। ਬੱਚਿਆਂ ਅਤੇ ਅਧਿਆਪਿਕਾਂ ਨੂੰ ਸਵੱਛਤਾ ਹੀ ਸੇਵਾ ਮੁਹਿੰਮ ਦੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਾਰਜ ਸਾਧਕ ਅਫਸਰ ਰਜਨੀਸ਼ ਕੁਮਾਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਭਾਰਤ ਸਰਕਾਰ ਵੱਲੋਂ ਸਾਰੇ ਦੇਸ਼ ਵਿੱਚ ਸ਼ੁਰੂ ਕੀਤੀ ਸਪੈਸ਼ਲ ਮੁਹਿੰਮ ਸਵੱਛਤਾ ਹੀ ਸੇਵਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮੁਹਿੰਮ ਆਮ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸਫਾਈ ਮੁਹਿੰਮ ਨਾਲ ਜੋੜਨ ਅਤੇ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਬਾਰੇ ਆਪਣੀ ਜਿੰਮੇਵਾਰੀ ਨੂੰ ਨਿਭਾਉਣ ਲਈ ਸ਼ੁਰੂ ਕੀਤੀ ਗਈ ਹੈ। ਓਹਨਾ ਆਖਿਆ ਕਿ ਸ਼ਹਿਰ ਵਾਸੀ ਇਸ ਮੁਹਿਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਸੈਨੇਟਰੀ ਇੰਸਪੈਕਟਰ ਸ਼੍ਰੀ ਰੇਸ਼ਮ ਸਿੰਘ ਜੀ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਵਿੱਚ ਨਗਰ ਕੌਂਸਲ ਦੀ ਮਦਦ ਕਰਨ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਸਟਾਫ ਤੋਂ ਇਲਾਵਾ ਵਿਦਿਆਰਥੀ, ਸ਼ਹਿਰ ਵਾਸੀ ,ਨਗਰ ਕੌਂਸਲ ਦੇ ਸਟਾਫ ਤੋਂ ਇਲਾਵਾ ਮੋਟੀਵੇਟਰ ਮਮਤਾ, ਸੋਨੀਆ ਅਤੇ ਰਾਹੁਲ ਹਾਜ਼ਰ ਸਨ।

ਪੰਜਾਬ ਰਾਜ ਸਿਹਤ ਵਿਭਾਗ ਰੇਡੀਓ ਗਰਾਫਰ ਐਸੋਸੀਏਸ਼ਨ ਦੀ ਵਿਸ਼ਾਲ ਮੀਟਿੰਗ ਹੋਈ

ਆਜ਼ਾਦ ਸੋਚ, ਵਿਸ਼ਾਲ ਕਟਾਰੀਆ, ਤਰਨਤਾਰਨ,17 ਸਤੰਬਰ :

ਪੰਜਾਬ ਰਾਜ ਸਿਹਤ ਵਿਭਾਗ ਰੇਡੀਓ ਗਰਾਫਰ ਐਸੋਸੀਏਸ਼ਨ ਦੀ ਵਿਸ਼ਾਲ ਮੀਟਿੰਗ ਗੁਰਵੇਲ ਸਿੰਘ ਦੀ ਪ੍ਰਧਾਨਗੀ ਹੇਠ ਈ.ਐਸ.ਆਈ ਹਸਪਤਾਲ, ਅੰਮ੍ਰਿਤਸਰ ਵਿਖੇ ਹੋਈ। ਜਿਸ ਵਿੱਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਰੇਡੀਓ ਗਰਾਫਰ ਨੇ ਭਾਗ ਲਿਆ। ਰੇਡੀਓ ਗਰਾਫਰ ਕੈਟੇਗਰੀ ਨੂੰ ਸਾਰੇ ਹੀ ਪੰਜਾਬ ਵਿੱਚ ਡੀ.ਐਚ.ਐਸ ਡਾਇਰੈਕਟਰ ਸਿਹਤ ਸੇਵਾਵਾਂ ਡੀ.ਆਰ.ਐਮ.ਈ ਵਿਭਾਗ ਵਿੱਚ ਪੇਸ਼ ਆ ਰਹੀਆ ਸਮੱਸਿਆਵਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆ ਦਿਲਰਾਜ ਸਿੰਘ, ਸਰਬਜੀਤ ਸਿੰਘ, ਦਿਲਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਕ੍ਰਿਸ਼ਨਾਂ ਸ਼ਰਮਾਂ ਅਤੇ ਸੰਦੀਪ ਸਿੰਘ ਸਿਧੂ ਨੇ ਦੱਸਿਆ ਕਿ ਸੀਨੀਅਰ ਰੇਡੀਓ ਗਰਾਫਰਾਂ ਦੀਆ ਖਾਲੀ ਪਾਈਆਂ ਪੋਸਟਾਂ ਨੂੰ ਭਰਿਆਂ ਜਾਵੇ। ਸਬ-ਡਵੀਜਨ ਹਸਪਤਾਲਾਂ ਅੰਦਰ ਸੀਨੀਅਰ ਰੇਡੀਓ ਗਰਾਫਰਾਂ ਦੀਆਂ ਪੋਸਟਾਂ ਬਣਾਈਆਂ ਜਾਣ । ਪੰਜਾਬ ਦੀਆਂ ਕਈਆ ਅਜਿਹੀਆਂ ਪੀ.ਐਚ.ਸੀ ਹਨ ਜਿਥੇ ਕੰਮ ਜਿਆਦਾ ਹੈ ਉਥੇ ਡਿਜੀਟਲ ਮਸ਼ੀਨਾਂ ਲਗਾਈਆਂ ਜਾਣ ਅਤੇ 01-01-2004 ਤੋਂ ਬਾਅਦ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ, ਅਮਨਜੀਤ ਸਿੰਘ, ਮਨਜੀਤ ਸਿੰਘ, ਸੁਰਿੰਦਰ ਸਿੰਘ, ਪਰਮਜੀਤ ਸਿੰਘ, ਹੀਰਾ ਸਿੰਘ, ਸੁਤੰਤਰ ਸਿੰਘ, ਰਾਜਵਿੰਦਰ ਸਿੰਘ, ਬਿਕਰਮਜੀਤ ਸਿੰਘ, ਬਲਵਿੰਦਰ ਸਿੰਘ, ਆਸ਼ੂ ਰੰਧਾਵਾ, ਜਸਬੀਰ ਸਿੰਘ, ਸੁਬਨੇਸ਼ ਰਾਣਾ, ਰਾਮੇਸ਼ ਕੁਮਾਰ, ਮਨਜਿੰਦਰ ਸਿੰਘ, ਨਵਜੀਤ ਕੌਰ, ਰਾਜਵਿੰਦਰ ਕੌਰ, ਆਸ਼ਾ ਰਾਣੀ, ਗੁਰਪ੍ਰੀਤ ਕੌਰ, ਅਮਨ ਹੈਪੀ, ਪ੍ਰਿਸ, ਅਭਿਜੀਤ ਸਿੰਘ ਆਦਿ ਹਾਜ਼ਰ ਸਨ।

ਬੇਦਖਲੀ ਸੂਚਨਾ

ਮੈਂ ਕਰਮਜੀਤ ਕੌਰ ਪਤਨੀ ਪਾਲਾ ਸਿੰਘ ਵਾਸੀ ਡਸਕਾ, ਤਹਿਸੀਲ ਲਹਿਰਾ, ਜਿਲਾ ਸੰਗਰੂਰ ਬਿਆਨ ਕਰਦੀ ਹਾਂ, ਕਿ ਮੇਰਾ ਪੁੱਤਰ ਗੁਰਵੀਰ ਸਿੰਘ ਉਰਫ ਬਿੱਲੂ ਬੁਰੀ ਸੰਗਤ ਵਿੱਚ ਪੈਣ ਕਾਰਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਪੁੱਤਰ ਗੁਰਵੀਰ ਸਿੰਘ ਉਰਫ ਬਿੱਲੂ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਪੂਰੀ ਤਰ੍ਹਾਂ ਬੇਦਖਲ ਕਰਦੀ ਹਾਂ। ਅੱਜ ਤੋਂ ਬਾਅਦ ਮੇਰਾ ਇਸ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ। ਜੇਕਰ ਕੋਈ ਵੀ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਗੁਰਵੀਰ ਸਿੰਘ ਉਰਫ ਬਿੱਲੂ ਆਪਣੇ ਜਾਨੀ ਮਾਲੀ ਨੁਕਸਾਨ, ਕਿਸੇ ਕਿਸਮ ਦੀ ਕਾਨੂੰਨੀ ਕਾਰਵਾਈ, ਅਦਾਲਤੀ ਕਾਰਵਾਈ ਜਾਂ ਪੁਲਿਸ ਕਾਰਵਾਈ ਦਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਵਿਅਕਤੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

Public Notice

A public notice is hereby given that Sh. Rishi Bansal son of Sh. Naresh Kumar R/o Village Fatehpur, Tehsil Samana has mortgaged his property measuring 1K-11M Situated at Fatehpur, Tehsil Samana in favour of Axis Bank Ltd. Branch Samana and in lieu of the security for the repayment of the advanced amount given to M/s Star Food Beverages and has deposited his original title deed with the bank bearing No. 1964 dated 10.11.2017 for the purpose of equitable mortagage. The original previous title deed bearing No. 2700 dated 03.02.2009 in the name of Gopal Krishan son of Rameshwar Dass pertaining to the Property is missing from the possession of Rishi Bansal and a DDR to this effect has also been lodged vide No. 514100/2024 dated 10.09.2024. If any person has got any objection regarding the mortgage of the said property in faour of the bank by the said person, he or she may come and file his objections or claim whatsoever may be, may file his objections within a week from the date of publication of this notice , to the office of the bank i.e. Axis Bank, Branch Samana on any of the working days failing which nothing shall be entertained thereafter.

Manager, Axis Bank,
Branch Samana

Court Notice

(U/o 5 Rule 20 CPC)

In the Court of Ms. Roopa Dhaliwal Additional Civil Judge (Senior Division), Malerkotla
Next Date , Purpose of case, Orders and Judgments as well as other case information is available on http://ecourts.gov.in
CS/1182/2023
CNR No: PBSGC0-001862-2023
Next Date : 26-09-2024
Ramandeep Kaur D/o Ravinder Singh R/o Saroud road Jamalpura, Tehsil and District Malerkotla
Versus
Mohammad Anwar S/o Noor Din S/o Umar Din R/o Khushal Basti Manna road Malerkotla.
Publication Issued To: Mohammad Anwar S/o Noor Din R/o Khushal Basti Manna road Malerkotla.

In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on **26-09-2024 at 10:00 a.m.** **For details logon to https://highcourtchd.gov.in/?trs=district_notice&district=Sangrur**

Dated , This day of : **14-09-2024**

Sd/-
Additional Civil Judge (Senior Division) Malerkotla

Court Notice

(U/o 5 Rule 20 CPC)

In the Court of Ms. Simran Civil Judge Junior Division-12, Patiala
Next Date , Purpose of case, Orders and Judgments as well as other case information is available on http://ecourts.gov.in
CNRNo: PBPT02-001280-2023
Next Date : 30-10-2024
Mohit Sood
Versus
Gaurav Sood
Suit for Damages for Malicious Prosecution and for damages and Monetary Compensation for causing Mental Agony, Pain, Harassment, Loss of reputation and business in the society and Locality of the area to the Plaintiff Due to defamatory statements, False Allegations and Activities of the Defendants About the reputation. Character, Activities and The position of Plaintiff.
Publication Issued To:
Def No.2 Anoop Rani Sood wife of Kishan Lal,
Def. No. 3, Rishi Sood son of Kishan Lal,
Def. No. 4. Kishan Lal son of Ram Saroop All Resident of Flat No. 002, Tower 5, Ansal's Orchad County, Sector 115, Landran road, Mohali 140301

In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on **30-10-2024 at 10:00 a.m.** **For details logon to https://highcourtchd.gov.in/?trs=district_notice&district=Patiala**

Dated , This day of : **13-09-2024**

Sd/-
Civil Judge Junior Division-12 Patiala

Court Notice

(U/o 5 Rule 20 CPC)

In the Court of Ms. Roopa Dhaliwal Additional Civil Judge (Senior Division), Malerkotla
Next Date , Purpose of case, Orders and Judgments as well as other case information is available on http://ecourts.gov.in
CS/1172/2021
CNR No: PBSGC0-001662-2021
Next Date : 22-11-2024
Malkit Singh S/o Sh. Sant Singh R/o Village Jhundan, Tehsil and Distt. Malerkotla
Versus
Gurtaran Singh S/o Sant Singh, 2. Jagdeep Singh S/o Bakshish Singh both R/o Village Jhundan, Tehsil and Distt. Malerkotla
Publication Issued To: Gurtaran Singh Father:-Sant Singh Village Jhundan, Tehsil and Distt. Malerkotla

In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on **22-11-2024 at 10:00 a.m.** **For details logon to https://highcourtchd.gov.in/?trs=district_notice&district=Sangrur**

Dated , This day of : **14-09-2024**

Sd/-
Additional Civil Judge (Senior Division) Malerkotla